# ਡਾਇਰੈਕਟੋਰੇਟ ਆਫ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

(ਉਦਯੋਗਿਕ ਸਿਖਲਾਈ ਵਿੰਗ)

**ਪਲਾਟ ਨੰ: 1, ਸੈਕਟਰ 36-ਏ ਚੰਡੀਗੜ੍ਹ।**

ਮੀਮੋ ਨੰ: ਆਈਟੀ/ਟ੍ਰੇਨਿੰਗ/2026/2894 ਮਿਤੀ: 09-07-2026

ਵੱਲ

ਰਾਜ ਅਧੀਨ ਸਾਰੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀ।

ਵਿਸ਼ਾ:- ਸੈਸ਼ਨ 2026 ਦੇ ਦਾਖਲੇ ਲਈ ਦਾਖਲਾ ਹਦਾਇਤਾਂ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ

| | |
|---|---|
| 1. | ਡਾਇਰੈਕਟਰ ਜਨਰਲ ਟ੍ਰੇਨਿੰਗ, ਮਨਿਸਟਰੀ ਆਫ ਸਕਿੱਲ ਡਿਵੈਲਪਮੈਂਟ ਅਤੇ ਇੰਟਰਪਰਨਿਊਰਸ਼ਿਪ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਪ੍ਰਾਪਤ ਪੱਤਰ ਨੰ: File No. DGT-MIS011/1/2026 O/o DIR (TC) (77713) dated 08-05-2026ਅਨੁਸਾਰ ਸੈਸ਼ਨ 2026 ਦਾ ਦਾਖਲਾ ਮਿਤੀ 08-08-2026 ਤੱਕ ਮੁਕੰਮਲ ਕੀਤਾ ਜਾਣਾ ਹੈ। ਇਸ ਮਿਤੀ ਤੱਕ ਦਾਖਲ ਸਿਖਿਆਰਥੀਆਂ ਦੀਆਂ ਕਲਾਸਾਂ ਮਿਤੀ: 10-08-2026 ਤੋਂ ਲਗੱਣਗੀਆਂ। ਦਾਖਲਾ ਸੈਸ਼ਨ 2026-27 ਦੌਰਾਨ ਦਾਖਲ ਸਿਖਿਆਰਥੀਆਂ ਦਾ ਟ੍ਰੇਡ ਸਿਲੇਬਸ ਮਿਤੀ 29-05-2027 ਤੱਕ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ। |
| 2. | Centre of Excellence ਸੰਸਥਾਵਾਂ ਵਿਚ ਨੇਤਰਹੀਣ ਵਿਅਕਤੀਆਂ ਲਈ Computer Operator and Programming Assistant (VI) ਕੋਰਸ ਨੂੰ ਦਾਖਲੇ ਲਈ ਸੀਟ ਮੈਟ੍ਰਿਕਸ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਟਰੇਡ ਵਿਚ ਕੇਵਲ ਵਿਜੀਉਲੀ ਇਮਪੇਅਰਡ ਉਮੀਦਵਾਰਾਂ ਦਾ ਦਾਖਲਾ ਕੀਤਾ ਜਾਵੇ। ਪੰਜਾਬ ਸਰਕਾਰ ਦੁਆਰਾ ਜਾਰੀ ਪੱਤਰ ਨੰਬਰ ਅਨੁਸਾਰ FD-FE-207/58/2025-2FE2/1/1309876/2025 ਇਸ ਕੋਰਸ ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਦੀ ਫੀਸ ਮਾਫ ਕੀਤੀ ਗਈ ਹੈ । |
| 3. | ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਸੈਸ਼ਨ 2026 ਦੀਆਂ ਸੀਟਾਂ ਵਿਰੁੱਧ 100% ਦਾਖਲਾ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਸਬੰਧ ਵਿਚ ਮਾਨਯੋਗ ਡਾਇਰੈਕਟਰ ਸਾਹਿਬ ਜੀ ਵਲੋਂ ਸਮੇਂ-ਸਮੇਂ ਤੇ ਸੰਸਥਾਵਾਂ ਦੇ ਮੁੱਖੀਆਂ ਨਾਲ ਰੀਵਿਊ ਮੀਟਿੰਗਾਂ ਕੀਤੀਆਂ ਜਾਣੀਆਂ ਹਨ। ਹਰ ਕੌਂਸਲਿੰਗ ਉਪਰੰਤ ਦਾਖਲਾ ਸਟੇਟਸ ਅਪਡੇਟ ਰੱਖਿਆ ਜਾਵੇ। |
| 4. | ਜਿੰਨਾਂ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ SCVT Affiliated ਟ੍ਰੇਡਾਂ ਤਹਿਤ ਦਾਖਲਾ ਕੀਤਾ ਜਾਣਾ ਹੈ, ਜੇਕਰ ਉਹਨਾਂ ਸੰਸਥਾਵਾਂ ਪਾਸ SCVT ਟਰੇਡਾਂ ਦੇ ਸਿਖਿਆਰਥੀਆਂ ਦੀ ਪ੍ਰੈਕਟੀਕਲ ਟ੍ਰੇਨਿੰਗ ਕਰਵਾਉਣ ਲਈ ਹਾਲ ਦੀ ਘੜੀ ਲੋੜੀਂਦਾ ਇੰਫਰਾਸਟਰਕਚਰ ਉਪਲਬੱਧ ਨਹੀਂ ਹੈ ਤਾਂ ਉਹਨਾਂ ਸੰਸਥਾਵਾਂ ਦੇ ਮੁੱਖੀਆਂ ਵਲੋਂ ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੇ DST ਦੀ ਤਰਜ ਤੇ SCVT ਟਰੇਡਾਂ ਦੇ ਸਿਖਿਆਰਥੀਆਂ ਦੀ ਪ੍ਰੈਕਟੀਕਲ ਟ੍ਰੇਨਿੰਗ ਕਰਵਾਉਣ ਲਈ, ਉਦਯੋਗਾਂ ਨਾਲ ਡਿਊਲ ਸਕੀਮ ਅਧੀਨ ਐਮ.ਓ.ਯੂ. ਹਸਤਾਖਰ ਕਰਵਾਉਂਦੇ ਹੋਏ ਦਾਖਲਾ ਕੀਤਾ ਜਾਵੇ। ਇਹ ਐਮ.ਓ.ਯੂ. ਦੀ ਪੀ.ਡੀ.ਐਫ. ਫਾਰਮਟ ਫਾਈਲ ਮੁੱਖ ਦਫਤਰ ਵਿਖੇ ਪੁੱਜਦੀ ਕੀਤੀ ਜਾਵੇ। ਇਹਨਾਂ ਸੰਸਥਾਵਾਂ ਵੱਲੋਂ ਇਸੇ ਸੈਸ਼ਨ ਦੋਰਾਨ ਲੋੜੀਂਦਾ ਇਨਫਰਾਸਟਰਕਚਰ ਤਿਆਰ ਕਰਦੇ ਹੋਏ ਨੈਸ਼ਨਲ ਕੌਂਸਲ ਫਾਰ ਵੋਕੇਸ਼ਨਲ ਐਜੂਕੇਸ਼ਨ ਐਂਡ ਟ੍ਰੇਨਿੰਗ ਨਵੀਂ ਦਿਲੀ ਤੋਂ ਐਫੀਲੀਏਸ਼ਨ ਲੈਣ ਹਿਤ ਮੁੱਖ ਦਫਤਰ ਵਿਖੇ ਕੇਸ ਤਿਆਰ ਕਰਕੇ ਭੇਜੇ ਜਾਣ ਤਾਂ ਜੋ ਸੈਸ਼ਨ 2026 ਵਿੱਚ ਇਨ੍ਹਾਂ ਟਰੇਡਾਂ ਵਿੱਚ NCVT ਤਹਿਤ ਦਾਖਲਾ ਕੀਤਾ ਜਾ ਸਕੇ। ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ |

| | |
|---|---|
| | S.C.V.T. ਟਰੇਡਾਂ ਦਾ ਸੀਟ ਮੈਟ੍ਰਿਕਸ ਇਸ ਸ਼ਰਤ ਤੇ ਅਪਲੋਡ ਜਾਵੇਗਾ ਕਿ ਇਨ੍ਹਾਂ ਟਰੇਡਾਂ ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ0 ਨੂੰ ਹਰ ਪੱਖੋਂ ਮੁਕੰਮਲ ਟ੍ਰੇਨਿੰਗ ਕਰਵਾਈ ਜਾਵੇ ਤਾਂ ਜੋ ਕਿਸੇ ਕਾਰਨ ਵੀ ਦਾਖਲ ਸਿਖਿਆਰਥੀਆਂ ਦੀ ਲੋੜੀਂਦੀ ਟ੍ਰੇਨਿੰਗ ਦਾ ਹਰਜਾ ਨਾ ਹੋਵੇ। |
| 5. | ਸੈਸ਼ਨ 2026 ਵਿੱਚ ਵੀ ਰਾਖਵਾਂਕਰਨ ਨੀਤੀ ਕੇਵਲ ਪਹਿਲੇ ਦੋ ਰਾਊਂਡਾਂ ਤੱਕ ਹੀ ਲਾਗੂ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਬਾਕੀ ਰਹਿੰਦੇ ਰਾਊਂਡਾਂ ਵਿੱਚ ਖਾਲੀ ਰਹਿ ਗਈਆਂ ਸੀਟਾਂ ਨੂੰ ਜਨਰਲ ਕੈਟਾਗਰੀ ਅਧੀਨ ਭਰਿਆ ਜਾਵੇਗਾ। |
| 6. | ਦਾਖਲੇ ਦੇ ਚਾਹਵਾਨ ਉਮੀਦਵਾਰਾਂ ਨੂੰ ਉਪਰੋਕਤ ਦਾਖਲਾ ਸ਼ਡਿਊਲ ਵਿਚ ਦਰਸਾਈਆਂ ਮਿਤੀਆਂ ਅਨੁਸਾਰ ਪੋਰਟਲ ਉਪਰ ਰਜਿਸ਼ਟਰੇਸ਼ਨ ਅਤੇ ਸਰਟੀਫਿਕੇਟ ਅਪਲੋਡ ਕੀਤਾ ਜਾਵੇ। ਡਾਕੂਮੈਂਟ ਵੈਰੀਫਿਕੇਸ਼ਨ ਲਈ ਪ੍ਰੋਸੈਸਿੰਗ ਫੀਸ 100/- ਰੁਪਏ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨ ਲਾਈਨ ਪ੍ਰੋਸੈਸ ਰਾਹੀਂ ਸਬਮਿਟ ਕਰਵਾਈ ਜਾਵੇ। |
| 7. | ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਟਿਊਸ਼ਨ ਫੀਸ ਅਤੇ ਹੋਰ ਗਤੀਵਿਧੀਆਂ ਫੰਡਜ਼ ਦਾਖਲੇ ਸਮੇਂ ਆਨਲਾਈਨ ਕੁਆਟਰਲੀ ਮੋਡ ਰਾਂਹੀ ਆਨਲਾਈਨ ਲਿੰਕ ਤੇ ਭਰੀ ਜਾਵੇਗੀ, ਸਮੂਹ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਟਿਊਸ਼ਨ ਫੀਸ ਅਤੇ ਹੋਰ ਗਤੀਵਿਧੀਆਂ ਫੰਡਜ਼ ਦਾਖਲੇ ਸਮੇਂ ਆਨਲਾਈਨ ਜਾਂ ਆਫਲਾਈਨ ਕੁਆਟਰਲੀ ( HYBRID MODE) ਰਾਂਹੀ ਭਰੀ ਜਾਵੇਗੀ। |
| 8. | COVID-19 ਦੇ ਦੁਸ਼-ਪ੍ਰਭਾਵ ਤੋਂ ਬਚਾਓ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ ਜਾਰੀ ਹਦਾਇਤਾਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਅਤੇ ਪਾਲਣਾ ਕੀਤੀ ਜਾਵੇ। COVID-19 ਦੀਆਂ ਹਦਾਇਤਾਂ ਅਨੁਸਾਰ ਹੱਥ ਸੈਨੇਟਾਈਜ, ਲਾਜ਼ਮੀ ਤੌਰ ਤੇ ਮਾਸਕ, ਸੋਸ਼ਲ ਡਿਸਟੈਂਸਿੰਗ ਅਤੇ ਸਮਾਜਿਕ ਸੁਰੱਖਿਆ ਕਾਇਮ ਰੱਖੀ ਜਾਵੇ। |
| 9. | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਦੀ ਕੁੱਲ ਸਲਾਨਾ ਫੀਸ 3400/- ਰੁਪਏ ਹੈ। ਵਿੱਤ ਵਿਭਾਗ ਦੇ ਪ.ਨੰ: FD-FB-2013/21/2025-4FB2/1/1125042/2025 Dated 13-06-2025 ਅਨੁਸਾਰ, ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਖਰਚੇ ਲਈ ਰਾਸ਼ੀ ਸਟੂਡੈਂਟ ਫੰਡਜ਼ ਵਿਰੁੱਧ ਜਮਾਂ ਕਰਵਾਈ ਰਾਸ਼ੀ ਅਨੁਸਾਰ, ਸਬੰਧਤ ਖਰਚਾ ਮੱਦ ਵਿਚ ਬਜਟ ਪ੍ਰੋਵੀਜਨ ਕਰਵਾਉਂਦੇ ਹੋਏ ਡਰਾਅ ਕਰਵਾਈ ਜਾ ਸਕਦੀ ਹੈ। ਜਿੰਨੀ ਰਸੀਟ ਰਾਜ ਦੇ ਖਜਾਨੇ ਵਿਚ ਸੰਸਥਾਵਾਂ ਵੱਲੋਂ ਜਮਾਂ ਕਰਵਾਈ ਜਾਵੇਗੀ, ਉਸ ਤੋਂ ਵੱਧ ਰਾਸ਼ੀ ਰਾਜ ਦੇ ਖਜਾਨੇ ਵਿਚੋਂ ਡਰਾਅ ਨਾ ਕਰਵਾਈ ਜਾਵੇ। |
| 10. | ਰਾਜ ਸਰਕਾਰ ਦੀ ਨੋਟੀਫਿਕੇਸ਼ਨ ਨੰ: 2/6/2011-5TE1/ 110463 Dated 15-10-2013 ਅਨੁਸਾਰ, ਪ੍ਰਾਈਵੇਟ ਸੰਸਥਾਵਾਂ ਵਲੋਂ ਸਿਖਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ (ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾ ਲਈ ਇਹ ਫੀਸ ਕ੍ਰਮਵਾਰ 19312/- ਰੁਪਏ ਅਤੇ 12875/- ਰੁਪਏ ਸਲਾਨਾ) ਨਿਸ਼ਚਿਤ ਕੀਤੀਆਂ ਹੋਈਆਂ ਹਨ। ਪ੍ਰਾਈਵੇਟ ਸੰਸਥਾਵਾਂ ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਦੀ ਫੀਸ HYBRID MODE (ਆਨਲਾਈਨ ਜਾਂ ਆਫਲਾਈਨ) ਕੁਆਟਰਲੀ ਮੋਡ ਰਾਂਹੀ ਲਈ ਜਾਵੇਗੀ। |
| 11. | ਇਸ ਤੋਂ ਇਲਾਵਾ ਪ੍ਰਾਈਵੇਟ ਆਈ.ਟੀ.ਆਈਜ਼ ਵਿੱਚ ਚਲ ਰਹੀਆਂ ਟਰੇਡਾਂ ਵਿੱਚ 5% ਸੀਟਾਂ ਵਿਰੁੱਧ ਆਰਥਿਕ ਤੋਰ ਤੇ ਕਮਜੋਰ ਵਰਗ (ਜਿਨ੍ਹਾਂ ਦੇ ਪਰਿਵਾਰ ਦੀ ਸਲਾਨਾ ਆਮਦਨ 2.0 ਲੱਖ ਤੋਂ ਘੱਟ ਹੋਵੇ) ਦੇ ਯੋਗ ਉਮੀਦਵਾਰ (ਸਿਰਫ ਪੰਜਾਬ ਰਾਜ ਦੇ ਨਿਵਾਸੀ) ਤੋਂ ਸਰਕਾਰੀ ਆਈ.ਟੀ.ਆਈਜ਼ ਵਾਲੀ ਫੀਸ ਲਈ ਜਾਵੇਗੀ। |
| 12. | ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਤੋਂ ਪ੍ਰਾਪਤ ਕੀਤੀ ਜਾਣ ਵਾਲੀ Punjab Industrial Trainees Sports Association (P.I.T.S.A.) ਮੈਂਬਰਸ਼ਿਪ ਫੀਸ |

| | |
|---|---|
| | 100 ਰੁਪਏ ਪ੍ਰਤੀ ਸਿਖਿਆਰਥੀ ਸੰਸਥਾ ਪੱਧਰ ਤੇ ਲਈ ਜਾਵੇਗੀ ਅਤੇ ਦਾਖਲਾ ਪ੍ਰਕੀਰਿਆ ਮੁਕੰਮਲ ਹੋਣ ਉਪਰੰਤ ਵਿਭਾਗ ਦੇ ਖਾਤੇ ਵਿਚ ਜਮ੍ਹਾਂ ਕਰਵਾਈ ਜਾਵੇਗੀ। |
| 13. | ਰਾਜ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਿਖਿਆਰਥੀਆਂ ਲਈ ਪੋਸ਼ਟਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਮਾਰਚ 2021 ਦੀਆਂ ਗਾਈਡ ਲਾਈਨਜ਼ ਅਨੁਸਾਰ ਜਿੰਨਾ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਜਾਂ ਇਸ ਤੋਂ ਘੱਟ ਹੋਵੇਗੀ. ਨੂੰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਲੋਂ ਫਰੀਸ਼ਿਪ ਕਾਰਡ ਜਾਰੀ ਕੀਤਾ ਜਾਂਦਾ ਹੈ। ਫਰੀਸ਼ਿਪ ਕਾਰਡ ਹੋਲਡਰ ਸਿਖਿਆਰਥੀਆਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਬਿਨ੍ਹਾਂ ਫੀਸ ਲਏ ਦਾਖਲਾ ਦਿੱਤਾ ਜਾਵੇਗਾ। ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵੱਲੋਂ ਦਾਖਲ ਹੋਏ ਇੰਨਾਂ ਸਿਖਿਆਰਥੀਆਂ ਦੇ ਬੈਂਕ ਖਾਤੇ ਵਿਚ ਫੀਸ ਦੀ ਰਾਸ਼ੀ ਅਤੇ ਨਿਰਧਾਰਤ ਸਲਾਨਾ ਭੱਤੇ ਪ੍ਰਾਪਤ ਹੋਣ ਉਪਰੰਤ, ਸਿਖਿਆਰਥੀਆਂ ਵਲੋਂ ਫੀਸ ਦੀ ਰਾਸ਼ੀ ਸੰਸਥਾ ਵਿਖੇ ਜਮਾਂ ਕਰਵਾਉਣੀ ਲਾਜਮੀ ਹੋਵੇਗੀ। ਜਿਕਰਯੋਗ ਹੈ ਕਿ ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਪ੍ਰਾਈਵੇਟ ਸੰਸਥਾਵਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਨੂੰ ਵੀ ਸਰਕਾਰੀ ਫੀਸ ਦੀ ਦਰ ਨਾਲ ਰੀ-ਇੰਮਬਰਸਮੈਂਟ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਸਕੀਮ ਤਹਿਤ ਕੀਤੀ ਜਾਵੇਗੀ। |
| 14. | ਉਮੀਦਵਾਰਾਂ ਨੂੰ ਦਾਖਲਾ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਸਮੇਂ ਚੁਆਇਸ ਦੀਆਂ ਸੰਸਥਾਵਾਂ ਅਤੇ ਟਰੇਡਾਂ ਭਰਨੀਆਂ ਹੁੰਦੀਆਂ ਹਨ, ਜਿਸ ਉਪਰੰਤ ਉਮੀਦਵਾਰ ਨੂੰ ਉਸ ਦੀ ਚੁਆਇਸ ਦੀ ਸੰਸਥਾ ਵਿੱਚ ਮੈਰਿਟ ਦੇ ਆਧਾਰ ਤੇ ਸੀਟ ਅਲਾਟ ਹੋ ਜਾਂਦੀ ਹੈ। ਜੇਕਰ ਉਸ ਵੱਲੋਂ ਸਮੇਂ ਸਿਰ ਫੀਸ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਉਸ ਦਾ ਦਾਖਲਾ ਕਨਫਰਮ ਮੰਨਿਆ ਜਾਵੇਗਾ। |
| 15. | ਜਿਹੜੀਆਂ ਸੰਸਥਾਵਾਂ ਵਿਚ ਕਿਸੇ ਕਾਰਨ ਵੱਖਰੇ ਤੌਰ ਤੇ ਆਈ.ਟੀ. ਲੈਬ/ ਕੰਪਿਊਟਰ ਲੈਬਜ਼ ਨਹੀਂ ਹਨ, ਉਹ ਸੰਸਥਾਵਾਂ ਦੇ ਵੱਖਰੇ ਕਮਰੇ ਵਿਚ ਇੰਟਰਨੈਟ ਕੁਨੈਕਸ਼ਨ, ਕੰਪਿਊਟਰ, ਪ੍ਰਿੰਟਰ ਆਦਿ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਇਕੋ ਸਮੇਂ ਵੱਧ ਤੋਂ ਵੱਧ ਉਮੀਦਵਾਰਾਂ ਨੂੰ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਵਿਚ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। |
| 16. | ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ https://itipunjab.admissions.nic.in/ ਤੇ ਅਪਲਾਈ ਕੀਤਾ ਜਾਵੇ। ਅਪਲਾਈ/ ਰਜਿਸ਼ਟਰੇਸ਼ਨ ਕਰਨ ਵਾਲੇ ਉਮੀਦਵਾਰਾਂ ਦੀ ਸਹੂਲਤ ਲਈ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਆਪਣੀਆਂ ਆਪਣੀਆਂ ਸੰਸਥਾਵਾਂ ਵਿਚ ਹੈਲਪ ਡੈਸਕ ਬਣਾਏ ਜਾਣ ਅਤੇ ਇਸ ਮੰਤਵ ਲਈ ਸੰਸਥਾਵਾਂ ਦੇ ਕਰਮਚਾਰੀਆਂ ਦੀ ਵਿਸ਼ੇਸ਼ ਤੌਰ ਤੇ ਡਿਊਟੀ ਲਗਾਈ ਜਾਵੇ ਅਤੇ ਲੋੜਵੰਦ ਉਮੀਦਵਾਰਾਂ ਦੀ ਆਨ ਲਾਈਨ ਦਾਖਲਾ ਫਾਰਮ ਭਰਨ ਵਿਚ ਸਹਾਇਤਾ ਕੀਤੀ ਜਾਵੇ। |
| 17. | ਹੈਲਪ ਡੈਸਕਾਂ ਰਾਂਹੀਂ ਰਜਿਸ਼ਟਰੇਸ਼ਨ ਹਿਤ ਉਮੀਦਵਾਰ ਵਲੋਂ ਪਹੁੰਚ ਕਰਨ ਤੇ, ਉਮੀਦਵਾਰਾਂ ਦੇ ਨਾਮ, ਪਿਤਾ ਦਾ ਨਾਮ, ਮੋਬਾਈਲ ਨੰਬਰ ਅਤੇ ਹਸਤਾਖਰ ਕਰਵਾਏ ਜਾਣ ਅਤੇ ਰਿਕਾਰਡ ਰੱਖਿਆ ਜਾਵੇ। |
| 18. | ਜਿਹੜੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਬਤੌਰ Designated Institutes (D.I.'s) ਹਨ, ਉਹ ਲੋੜ ਪੈਣ ਤੇ ਆਪਣੇ ਅਧੀਨ ਪੈਂਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ Participating Institutes (P.I.'s) ਵਿਚੋਂ ਆਨ ਲਾਈਨ ਦਾਖਲੇ ਦੇ ਕੰਮ ਲਈ ਸਟਾਫ (ਇੰਸਟਰਕਟਰ, ਕਲਰਕ, ਡਾਟਾ ਐਂਟਰੀ ਓਪਰੇਟਰ ਆਦਿ) ਦੀ ਡਿਊਟੀ ਲਗਾ ਸਕਦੇ ਹਨ। |
| 19. | ਸੰਸਥਾਵਾਂ ਵਿਖੇ ਉਮੀਦਵਾਰਾਂ ਦੇ ਬੈਠਣ ਲਈ ਫਰਨੀਚਰ, ਪੀਣ ਵਾਲਾ ਪਾਣੀ ਆਦਿ ਦਾ ਇੰਤਜਾਮ ਰੱਖਿਆ ਜਾਵੇ ਅਤੇ ਅਨੁਸਾਸ਼ਨ ਵੀ ਕਾਇਮ ਰੱਖਿਆ ਜਾਵੇ। |
| 20. | Designated Institutes (D.I.'s) ਆਪਣੇ ਅਧੀਨ ਪੈਂਦੀਆਂ ਸਰਕਾਰੀ ਤੇ ਪ੍ਰਾਈਵੇਟ Participating Institutes (P.I.'s) ਤੋਂ ਦਾਖਲੇ ਦੇ ਕੰਮ ਲਈ ਲੋੜ ਪੈਣ ਤੇ ਕੰਪਿਊਟਰ ਸਿਸਟਮ, ਪ੍ਰਿੰਟਰ ਆਦਿ ਦੀ ਸਹਾਇਤਾ ਲੈ ਸਕਦੇ ਹਨ। |

| | |
|---|---|
| 21. | ਆਨ ਲਾਈਨ ਦਾਖਲੇ ਦਾ ਮਹੱਤਵਪੂਰਨ ਕੰਮ ਹੋਣ ਕਾਰਨ (ਸੰਸਥਾ ਪੱਧਰ ਤੇ) ਆਪਣੇ ਸਟਾਫ ਦੀਆਂ ਲਿਖਤੀ ਤੌਰ ਤੇ ਡਿਊਟੀਆਂ ਲਗਾਈਆਂ ਜਾਣ। ਸੰਸਥਾ ਵਿਚ ਆਨ ਲਾਈਨ ਦਾਖਲੇ ਦੇ ਸ਼ਡਿਊਲ ਦੋਰਾਨ, ਦਾਖਲੇ ਲਈ ਡਿਪਿਊਟ ਕਰਮਚਾਰੀਆਂ ਨੂੰ ਕਿਸੇ ਤਰ੍ਹਾਂ ਦੀ ਲੰਬੀ ਛੁੱਟੀ ਮੁੱਖ ਦਫਤਰ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਦਿੱਤੀ ਜਾਵੇ। |
| 22. | ਉਮੀਦਵਾਰਾਂ ਨੂੰ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਸਮੇਂ ਜਨਰੇਟ ਹੋਇਆ ਰਜਿਸ਼ਟਰੇਸ਼ਨ ਨੰਬਰ ਅਤੇ ਫੀਡ/ SAVE ਕੀਤਾ ਪਾਸਵਰਡ ਯਾਦ ਰੱਖਣ ਜਾਂ ਆਪਣੀ ਸੁਵਿਧਾ ਅਨੁਸਾਰ ਸੁਰੱਖਿਅਤ ਰੱਖਣ ਦੀ ਸਲਾਹ ਦਿੱਤੀ ਜਾਵੇ ਕਿ ਆਪਣਾ ਪਾਸਵਰਡ ਕਿਸੇ ਨਾਲ ਸਾਂਝਾ (SHARE) ਨਾ ਕਰਨ ਤਾਂ ਕਿ ਇਸ ਦੀ ਦੁਰ-ਵਰਤੋਂ ਨਾ ਹੋ ਸਕੇ। ਉਮੀਦਵਾਰ ਲੋੜ ਪੈਣ ਤੇ ਡਾਕੂਮੈਂਟ ਵੈਰੀਫਾਈ ਹੋਣ ਤੋਂ ਪਹਿਲਾਂ ਆਪਣਾ ਰਜਿਸ਼ਟਰੇਸ਼ਨ ਨੰਬਰ ਅਤੇ ਪਾਸਵਰਡ ਵਰਤਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ। |
| 23. | ਰਜਿਸਟ੍ਰੇਸ਼ਨ 24 ਘੰਟੇ ਖੁੱਲੀ ਰਹੇਗੀ। ਰਜਿਸ਼ਟਰੇਸ਼ਨ ਉਪਰੰਤ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਦੇ ਅੰਦਰ-ਅੰਦਰ ਹੀ ਡੈਜੀਗਨੇਟਿਡ ਸੰਸਥਾਵਾਂ (D.I.s) ਵਲੋਂ ਸਰਟੀਫਿਕੇਟ ਵੈਰੀਫਿਕੇਸ਼ਨ ਕੀਤੀ ਜਾਵੇ। ਉਪਰੰਤ ਸਰਟੀਫਿਕੇਟ ਵੈਰੀਫਿਕੇਸ਼ਨ ਨਹੀ ਹੋਵੇਗੀ। |
| 24. | ਡਾਇਰੈਕਟਰ ਜਨਰਲ ਆਫ ਟ੍ਰੇਨਿੰਗ, ਭਾਰਤ ਸਰਕਾਰ ਨਵੀਂ ਦਿੱਲੀ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ, ਹਰ ਉਮੀਦਵਾਰ ਵਲੋਂ, ਆਨ ਲਾਈਨ ਦਾਖਲਾ ਫਾਰਮ ਵਿਚ ਆਪਣਾ ਆਧਾਰ ਲਿੰਕਡ ਮੋਬਾਈਲ ਨੰਬਰ (unique) ਅਤੇ ਈ-ਮੇਲ ਆਈ.ਡੀ (unique) ਲਾਜ਼ਮੀ ਭਰਨ ਲਈ ਕਿਹਾ ਜਾਵੇ। ਕੋਰਸ ਮੁਕੰਮਲ ਹੋਣ/ ਸਰਟੀਫਿਕੇਟ ਮਿਲ ਜਾਣ ਤੱਕ ਮੋਬਾਈਲ ਨੰਬਰ ਤਬਦੀਲ ਨਾ ਕੀਤਾ ਜਾਵੇ। ਇਸ ਸਬੰਧੀ ਸਿਖਿਆਰਥੀ ਦੀ ਮੁਕੰਮਲ ਜਿੰਮੇਵਾਰੀ ਹੋਵੇਗੀ। |
| 25. | ਹੈਲਪ ਡੈਸਕਾਂ ਵਲੋਂ ਉਮੀਦਵਾਰਾਂ ਦਾ ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਸਪੈਲਿੰਗ ਮਿਸਟੇਕ ਨਾ ਕੀਤੀ ਜਾਵੇ। ਜਿਸ ਵਿਚ ਉਮੀਦਵਾਰ ਦਾ ਨਾਮ, ਮਾਤਾ ਦਾ ਨਾਮ, ਪਿਤਾ ਦਾ ਨਾਮ, ਕੈਟਾਗਰੀ, ਮੇਲ-ਫੀਮੇਲ ਅਤੇ ਭਰੇ ਗਏ ਅੰਕਾਂ ਦਾ ਵੇਰਵਾ ਆਦਿ ਚੈਕ ਕਰਕੇ ਠੀਕ ਭਰਿਆ ਜਾਵੇ ਕਿਉਂਜੋ ਆਨ ਲਾਈਨ ਦਾਖਲਾ ਪੋਰਟਲ ਉਪਰ ਕੈਪਚਰ ਕੀਤਾ ਡਾਟਾ, ਸਿੱਧੇ ਹੀ ਐਸ.ਆਈ.ਡੀ. ਪੋਰਟਲ ਉਪਰ ਅਪਲੋਡ ਕੀਤਾ ਜਾਣਾ ਹੁੰਦਾ ਹੈ। |
| 26. | ਰਜਿਸ਼ਟਰੇਸ਼ਨ ਲਈ ਅਪਲਾਈ ਕਰਦੇ ਸਮੇਂ ਸਾਰੇ ਦਸਤਾਵੇਜ ਅਪਲੋਡ ਕਰਨ ਲਈ ਪੋਰਟਲ ਵਿਚ ਦਰਸਾਈਆਂ ਹਦਾਇਤਾਂ ਅਨੁਸਾਰ ਦਸਤਾਵੇਜ ਅਪਲੋਡ ਕਰਵਾਏ ਜਾਣ। |
| 27. | ਉਮੀਦਵਾਰ ਦੇ ਮਾਰਕਸ ਭਰਨ ਸਮੇਂ ਦਾਖਲਾ ਯੋਗਤਾ ਦੇ ਕੇਵਲ ਕੁੱਲ ਅੰਕ ਅਤੇ ਪ੍ਰਾਪਤ ਅੰਕ ਭਰੇ ਜਾਣੇ ਹਨ। ਇਸ ਦੇ ਨਾਲ ਟਰੇਡ ਦੀ ਦਾਖਲਾ ਯੋਗਤਾ ਅਨੁਸਾਰ ਕੰਪਲਸਰੀ ਵਿਸ਼ੇ ਜਿਵੇਂ ਕਿ ਮੈਥ, ਸਾਇੰਸ, ਪੰਜਾਬੀ ਜਾਂ ਡਰਾਇੰਗ ਵਿਸ਼ਿਆਂ ਦੇ ਪਾਸ ਜਾਂ ਫੇਲ ਸਟੇਟਸ ਭਰਿਆ ਜਾਣਾ ਹੈ। |
| 28. | ਉਮੀਦਵਾਰ/ ਦਾਖਲਾ ਹੈਲਪ ਡੈਸਕਾਂ ਨੂੰ ਗਾਈਡ ਕੀਤਾ ਜਾਵੇ ਕਿ ਉਮੀਦਵਾਰ ਵਲੋਂ ਡਾਕੂਮੈਂਟ ਵੈਰਫਿਕੇਸ਼ਨ ਕਰਵਾਉਣ ਲਈ ਆਪਣੀ ਡੈਜੀਗਨੇਟਿਡ ਇੰਸਟੀਚਿਊਟ, ਧਿਆਨ ਪੁਰਵਕ ਸਿਲੈਕਟ ਕੀਤੀ ਜਾਵੇ। |
| 29. | ਡੈਜੀਗਨੇਟਿਡ ਸੰਸਥਾਵਾਂ ਵਲੋਂ ਡਾਕੂਮੈਂਟ ਵੈਰੀਫਿਕੇਸ਼ਨ ਸਮੇਂ ਧਿਆਨ ਰੱਖਿਆ ਜਾਵੇ ਕਿ ਜਿੰਨਾਂ ਉਮੀਦਵਾਰ ਨੇ ਦਿਵਿਆਂਗ ਕੈਟਾਗਰੀ ਦੀ ਰਿਜਰਵੇਸ਼ਨ ਲੈਂਦੇ ਹੋਏ, ਦਾਖਲੇ ਲਈ ਅਪਲਾਈ ਕੀਤਾ ਹੈ। ਅਜਿਹੇ ਦਿਵਿਆਂਗ ਕੈਟਾਗਰੀ ਉਮੀਦਵਾਰ ਦੇ, ਕੇਵਲ ਏ.ਟੀ.ਆਈ. ਸਰਟੀਫਿਕੇਟ ਵਿਚ ਦਰਸਾਈਆਂ ਟਰੇਡਾਂ ਨੂੰ, ਲਾਜ਼ਮੀ ਟੈਗ ਕਰ ਦਿੱਤਾ ਜਾਵੇ ਤਾਂ ਜੋ ਚੁਆਇਸ ਫਿਲਿੰਗ ਸਮੇਂ ਦਿਵਿਆਂਗ ਕੈਟਾਗਰੀ ਦੇ ਉਮੀਦਵਾਰ ਨੂੰ ਕੋਈ ਦਿੱਕਤ ਨਾ ਆਵੇ। |
| 30. | ਡੈਜੀਗਨੇਟਿਡ ਸੰਸਥਾਵਾਂ ਵਲੋਂ ਉਮੀਦਵਾਰ ਦੀ ਰਜਿਸ਼ਟਰੇਸ਼ਨ ਫਾਰਮ ਵਿਚ ਭਰੀ ਗਈ ਹਰ ਤਰਾਂ ਦੀ ਸੂਚਨਾ ਨੂੰ ਵਿਸ਼ੇਸ਼ ਤੌਰ ਤੇ ਚੈਕ ਕੀਤਾ ਜਾਵੇ। ਸਪੈਲਿੰਗ ਮਿਸਟੇਕ ਨੂੰ ਤੁਰੰਤ ਠੀਕ ਕੀਤਾ ਜਾਵੇ। ਜਿਸ ਡੀ.ਆਈ. ਵਲੋਂ ਰਜਿਸ਼ਟਰੇਸ਼ਨ ਫਾਰਮ ਦੇ ਵੇਰਵੇ ਠੀਕ ਵੈਰੀਫਾਈ ਨਾ ਕੀਤੇ ਜਾਣ ਦੀ ਗਲਤੀ, ਵਿਭਾਗ ਦੇ |

| | |
|---|---|
| | ਧਿਆਨ ਵਿਚ ਆਉਂਦੀ ਹੈ ਤਾਂ ਸਬੰਧਤ ਡੀ.ਆਈ. ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਨਾਮ ਅਤੇ ਫੋਟੋ ਆਦਿ ਦੀ ਕੋਈ ਸੋਧ ਸੰਭਵ ਨਹੀਂ ਹੋਵੇਗੀ। |
| 31. | ਡੈਜੀਗਨੇਟਿਡ ਸੰਸਥਾਵਾਂ ਵਲੋਂ ਉਮੀਦਵਾਰਾਂ ਦੇ ਸਰਟੀਫਿਕੇਟ ਆਪਣੇ ਡੀ.ਆਈ. ਸੰਸਥਾ ਦੀ ਲਾਗ ਇਨ ਆਈ.ਡੀ. ਦੀ ਵਰਤੋਂ ਕਰਦੇ ਹੋਏ, ਡਾਕੂਮੈਂਟਸ ਵੈਰੀਫਾਈ ਕੀਤੇ ਜਾਣ। ਦਸਤਾਵੇਜਾਂ ਵਿਚ ਕਿਸੇ ਕਿਸਮ ਦੀ ਤਰੁੱਟੀ ਪਾਏ ਜਾਣ ਤੇ REMARKS ਬਾਕਸ ਵਿਚ ਤਰੁੱਟੀ ਦਾ ਵੇਰਵਾ ਲਿਖ ਕੇ ਉਮੀਦਵਾਰ ਨੂੰ SEND ਕਰ ਦਿੱਤਾ ਜਾਵੇ। ਉਮੀਦਵਾਰ ਵਲੋਂ ਤਰੁੱਟੀ ਦੂਰ ਕਰ ਦਿੱਤੇ ਜ਼ਾਣ ਤੇ ਸਰਟੀਫਿਕੇਟ ਵੈਰੀਫਿਕੇਸ਼ਨ ਕਰਵਾਈ ਜਾਵੇ। ਇਸ ਸਬੰਧ ਵਿਚ ਉਮੀਦਵਾਰ ਨਾਲ ਰਾਬਤਾ ਕਰਕੇ ਤਰੁੱਟੀ ਦੂਰ ਕਰਨ ਸਬੰਧੀ ਗਾਈਡ ਵੀ ਕੀਤਾ ਜਾਵੇ। |
| 32. | ਡੈਜੀਗਨੇਟਿਡ ਸੰਸਥਾਵਾਂ ਵਲੋਂ ਰਿਜਰਵ ਕੈਟਾਗਰੀਆਂ ਦੇ ਉਮੀਦਵਾਰਾਂ ਦੇ ਸਰਟੀਫਿਕੇਟ ਵੈਰੀਫਾਈ ਕਰਦੇ ਸਮੇਂ ਧਿਆਨ ਰੱਖਿਆ ਜਾਵੇ ਕਿ ਰਿਜਰਵ ਕੈਟਾਗਰੀ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਗਿਆ ਹੋਵੇ। |
| 33. | ਡੈਜੀਗਨੇਟਿਡ ਸੰਸਥਾਵਾਂ ਵਲੋਂ ਉਮੀਦਵਾਰਾਂ ਦੀ ਉਸ ਦੀ ਪੱਕੀ ਰਿਹਾਇਸ਼ ਦੇ ਵੇਰਵੇ, ਪੱਤਰ ਵਿਹਾਰ ਸਬੰਧੀ ਰਿਹਾਇਸ਼ ਨੂੰ ਪ੍ਰਾਸਪੈਕਟਸ ਵਿਚ ਦਰਜ ਵੇਰਵੇ ਅਨੁਸਾਰ ਵੈਰੀਫਾਈ ਕੀਤੇ ਜਾਣ। |
| 34. | ਭਾਂਵੇਂ ਡੈਜੀਗਨੇਟਿਡ ਸੰਸਥਾਵਾਂ ਨਾਲ (ਸਰਕਾਰੀ ਅਤੇ ਪ੍ਰਾਈਵੇਟ) ਪਾਰਟੀਸੀਪੇਟਿੰਗ ਸੰਸਥਾਵਾਂ ਜੋੜੀਆਂ ਗਈਆਂ ਹਨ ਪ੍ਰੰਤੂ ਉਮੀਦਵਾਰ ਆਪਣੀ ਸੁਵਿਧਾ ਅਨੁਸਾਰ, ਕਿਸੇ ਵੀ ਡੈਜੀਗਨੇਟਿਡ ਸੰਸਥਾ ਤੋਂ ਆਪਣੇ ਡਾਕੂਮੈਂਟਸ/ ਦਸਤਾਵੇਜ ਵੈਰੀਫਾਈ ਕਰਵਾਉਣ ਲਈ ਰਜਿਸ਼ਟਰੇਸ਼ਨ ਫਾਰਮ ਭੇਜ ਸਕਦਾ ਹੈ। |
| 35. | ਡੀ.ਆਈ. ਸੰਸਥਾਵਾਂ ਵਲੋਂ ਉਮੀਦਵਾਰਾਂ ਦੇ ਡਾਕੂਮੈਂਟਸ ਵੈਰੀਫਿਕੇਸ਼ਨ ਦਾ ਰਿਕਾਰਡ ਰੱਖਿਆ ਜਾਵੇ। ਇਸੇ ਤਰਾਂ ਪੀ.ਆਈ. ਸੰਸਥਾਵਾਂ ਵਲੋਂ ਦਾਖਲ ਕੀਤੇ ਗਏ ਸਿਖਿਆਰਥੀਆਂ ਦਾ ਰਜਿਸ਼ਟਰੇਸ਼ਨ ਸਲਿੱਪ, ਚੁਆਇਸ ਫਿਲਿੰਗ, ਪ੍ਰੋਵੀਜਨਲ ਸੀਟ ਅਲਾਟਮੈਂਟ ਲੈਟਰ ਅਤੇ ਦਾਖਲਾ ਸਲਿੱਪ ਦੀ ਫੋਟੋ ਕਾਪੀ ਰਿਕਾਰਡ ਹਿਤ ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਦਾਖਲ ਹੋ ਚੁੱਕੇ ਸਿਖਿਆਰਥੀਆਂ ਨੂੰ ਵੀ ਇਸ ਦੀ ਫੋਟੋ ਕਾਪੀ ਰਿਕਾਰਡ ਹਿਤ ਰੱਖਣ ਲਈ ਗਾਈਡ ਕੀਤਾ ਜਾਵੇ। |
| 36. | ਅੱਠਵੀਂ ਕਲਾਸ ਦੀ ਦਾਖਲਾ ਯੋਗਤਾ ਵਾਲੀਆਂ ਟਰੇਡਾਂ ਦੀ ਚੁਆਇਸ ਭਰਨ ਲਈ ਲਾਜ਼ਮੀ ਹੈ ਕਿ ਉਮੀਦਵਾਰ ਵਲੋਂ ਰਜਿਸਟ੍ਰੇਸ਼ਨ ਫਾਰਮ ਵਿੱਚ ਅੱਠਵੀਂ ਕਲਾਸ ਦੇ ਅੰਕ ਭਰੇ ਹੋਣ।<br>ਇਸੇ ਤਰਾਂ ਦਸਵੀਂ ਕਲਾਸ ਦੀਆਂ ਟਰੇਡਾਂ ਦੀ ਦਾਖਲਾ ਯੋਗਤਾ ਵਾਲੀਆਂ ਟਰੇਡਾਂ ਦੀ ਚੁਆਇਸ ਭਰਨ ਲਈ ਦਸਵੀਂ ਕਲਾਸ ਦੇ ਅੰਕ ਅਤੇ ਕੰਪਲਸਰੀ ਵਿਸ਼ੇ ਲਾਜ਼ਮੀ ਭਰੇ ਹੋਣ। |
| 37. | ਹੈਲਪਲਾਈਨ ਈਮੇਲ ਆਈ.ਡੀ punjabitiadmission@gmail.com ਤੇ ਈਮੇਲ ਕਰਨ ਸਮੇਂ ਆਪਣਾ ਮੋਬਾਈਲ ਨੰਬਰ ਵੀ ਲਾਜ਼ਮੀ ਲਿਖਿਆ ਜਾਵੇ ਤਾਂ ਜੋ ਲੋੜ ਪੈਣ ਤੇ ਮੌਕੇ ਤੇ ਫੋਨ ਤੇ ਸੰਪਰਕ ਕਰਕੇ ਮੁਸ਼ਕਿਲ/ ਦਿੱਕਤ ਤੁਰੰਤ ਦੂਰ ਕੀਤੀ ਜਾ ਸਕੇ। |
| 38. | ਆਪਣੀ ਸੰਸਥਾ ਦੀਆਂ S.C.V.T. ਟਰੇਡਾਂ/ ਯੂਨਿਟਾਂ (ਕਿਸੇ ਸਰਕਾਰੀ ਸੰਸਥਾ ਪਾਸ ਇਕ ਟਰੇਡ ਦੇ ਦੋ ਯੂਨਿਟ ਚੱਲ ਰਹੇ ਹੋਣ ਪਰ ਇਕ N.C.V.T. ਹੋਵੇ ਅਤੇ ਦੂਜਾ ਯੂਨਿਟ S.C.V.T. ਹੋਵੇ) ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ S.C.V.T. ਟਰੇਡ ਬਾਰੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ ਜਾਵੇ। ਦਾਖਲੇ ਸਮੇਂ ਵਖਰੇ ਤੌਰ ਤੇ ਲਿਖਤੀ ਅੰਡਰਟੇਕਿੰਗ ਲੈ ਲਈ ਜਾਵੇ ਤਾਂ ਜੋ ਬਾਦ ਵਿਚ ਕਾਨੂੰਨੀ ਅੜਚਨ ਪੈਦਾ ਨਾ ਹੋਵੇ। |
| 39. | ਦਾਖਲੇ ਤੋਂ ਪਹਿਲਾਂ, ਆਪਣੀ ਸੰਸਥਾ ਦੇ ਆਨ ਲਾਈਨ ਦਾਖਲਾ ਪੋਰਟਲ ਦੇ ਲਾਗ ਇਨ ਵਿਚ, ਸ਼ੋਅ ਹੋ ਰਹੇ ਸੀਟ ਮੈਟ੍ਰਿਕਸ ਨੂੰ SIDH ਪੋਰਟਲ ਤੇ ਉਪਲਬੱਧ ਸੀਟਾਂ ਨਾਲ ਮਿਲਾਣ ਕਰ ਲਿਆ ਜਾਵੇ ਅਤੇ ਧਿਆਨ ਪੁਰਵਕ ਚੈਕ ਕਰ ਲਿਆ ਜਾਵੇ। ਜਿਵੇਂ ਕਿ ਟਰੇਡਾਂ ਦੀਆਂ ਸੀਟਾਂ ਦੀ ਗਿਣਤੀ, ਟਰੇਡਾਂ ਦੀ ਐਫੀਲੇਸ਼ਨ NCVT ਜਾਂ DST ਆਦਿ।<br>ਜਿੰਨਾਂ NCVT ਜਾਂ DST ਟਰੇਡਾਂ ਦਾ ਸੀਟ ਮੈਟ੍ਰਿਕਸ ਅਪਲੋਡ ਕੀਤਾ ਗਿਆ ਹੈ ਪ੍ਰੰਤੂ ਜੇਕਰ ਕਿਸੇ ਟਰੇਡ ਦੀ NCVT ਜਾਂ DST ਨਾਲ ਐਫੀਲੇਸ਼ਨ ਨਹੀਂ ਹੈ ਤਾਂ ਤੁਰੰਤ ਵਿਭਾਗ ਦੇ ਧਿਆਨ ਵਿਚ ਲਿਆਂਦਾ ਜਾਵੇ ਅਤੇ ਅਜਿਹੀ ਟਰੇਡ ਨੂੰ ਆਨ ਲਾਈਨ ਦਾਖਲਾ ਪੋਰਟਲ ਤੋਂ remove ਕਰਵਾਇਆ ਜਾਵੇ।<br>ਐਨ.ਸੀ.ਵੀ.ਟੀ. ਜਾਂ ਡੀ.ਐਸ.ਟੀ. ਆਦਿ ਟਰੇਡਾਂ ਦੀ NCVT-MIS ਪੋਰਟਲ ਉਪਰ ਐਫੀਲੇਸ਼ਨ ਹੋਣ ਤੇ ਹੀ ਦਾਖਲਾ ਕੀਤਾ ਜਾਵੇ। |

| | |
|---|---|
| | ਇਸ ਤਰਾਂ ਦੀ ਅਣਗਿਹਲੀ ਕਰਨ ਤੇ ਫਿਰ ਵੀ ਦਾਖਲਾ ਕਰ ਲਿਆ ਜਾਂਦਾ ਹੈ ਤਾਂ ਅਜਿਹੀਆਂ ਟਰੇਡਾਂ ਦੀ SCVT ਪ੍ਰੀਖਿਆਵਾਂ ਲਈ ਕਾਰਵਾਈ ਕੀਤੀ ਜਾਵੇਗੀ ਅਤੇ ਸੰਸਥਾ ਮੁੱਖੀ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ। ਇਸ ਤਰਾਂ ਜੇਕਰ ਕਿਸੇ ਸਿਖਿਆਰਥੀਆਂ ਵਲੋਂ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਸਿੱਧੇ ਤੌਰ ਤੇ ਸਬੰਧਤ ਸੰਸਥਾ ਮੁੱਖੀ ਦੀ ਜਿੰਮੇਵਾਰੀ ਹੋਵੇਗੀ। |
| 40. | D.G.E.&T., ਭਾਰਤ ਸਰਕਾਰ ਤੋਂ ਪ੍ਰਾਪਤ ਪ.ਨੰ: D.G.E.T.-6/misc/advt./2010-TC Dated 27-04-2010 ਦੀਆਂ ਹਦਾਇਤਾਂ ਅਨੁਸਾਰ ਹੇਠ ਦਿੱਤਾ ਪੱਤਰ ਆਪਣੀ ਸੰਸਥਾ ਦੇ ਨੋਟਿਸ ਬੋਰਡ ਤੇ ਲਗਾ ਦਿੱਤਾ ਜਾਵੇ:-<br><br>FOR ATTENTION OF ADMISSION SEEKERS TO NATIONAL COUNCIL FOR VOCATIONAL TRAINING (N.C.V.T.) APPROVED TRADES in ITIs<br><br>All admission seekers to N.C.V.T. approved various trades (Engineering/Non-Engineering), are advised in their own interest that they should confirm and satisfy themselves before seeking admission in any trade that the trade/Unit in the Industrial Training Institute (Govt.)/Industrial Training Centre (Pvt.) ITIs /ITCs) is affiliated to N.C.V.T. The students of trades/units which are affiliated on the date of admission are only eligible for appearing in All India Trade Test for the award of National Trade Certificate.<br><br>The list of affiliated trades/units is available with respective institutes and respective State Directorates.<br><br>It is also informed in the interest of general public that N.C.V.T./Govt. of India do not recognize any ITI/ITC. N.C.V.T. affiliates only the trades and its units run by a particular ITI/ITC.<br>NO ADMISSION IS ALLOWED IN N.C.V.T. TRADES WITHOUT AFFILIATION. |
| 41. | ਸਾਰੀਆਂ ਪ੍ਰਾਈਵੇਟ ਸੰਸਥਾਵਾਂ ਉਸ ਪਤੇ/ ਐਡਰੈਸ (ਬਿਲਡਿੰਗ) ਵਿਚ ਟ੍ਰੇਨਿੰਗ ਦੇਣ ਹਿਤ ਹੀ ਦਾਖਲਾ ਕਰਨਗੇ, ਜਿਥੇ ਡੀ.ਜੀ.ਟੀ. ਭਾਰਤ ਸਰਕਾਰ/ ਵਿਭਾਗ ਵਲੋਂ ਉਨ੍ਹਾਂ ਦੇ ਜਿਸ ਪਤੇ/ ਐਡਰੈਸ (ਬਿਲਡਿੰਗ) ਲਈ ਟਰੇਡ/ ਕੋਰਸ ਚਲਾਉਣ ਲਈ ਐਫੀਲੇਸ਼ਨ ਦਿੱਤੀ ਗਈ ਹੈ, ਉਲੰਘਣਾ ਕਰਨ ਦੀ ਸੂਰਤ ਵਿਚ ਸਬੰਧਤ ਕੇਂਦਰ ਵਿਰੁੱਧ ਡਿਸ-ਐਫੀਲੇਸ਼ਨ ਦੀ ਕਾਰਵਾਈ ਆਰੰਭੀ ਜਾਵੇਗੀ। |
| 42. | ਪ੍ਰਾਈਵੇਟ ਸੰਸਥਾ ਦੀ ਬਿਲਡਿੰਗ ਜੇਕਰ ਰੈਂਟ ਤੇ ਲਈ ਹੈ ਤਾਂ ਡੈਜੀਗਨੇਟਿਡ ਇੰਸਟੀਚਿਊਟਸ ਦੇ ਮੁੱਖੀਆਂ ਵਲੋਂ ਰੈਂਟ ਡੀਡ/ ਲੀਜ਼ ਤੇ ਲਈ ਅਜਿਹੀਆਂ ਪ੍ਰਾਈਵੇਟ ਸੰਸਥਾਵਾਂ ਦੇ ਦਸਤਾਵੇਜਾਂ ਨੂੰ ਚੈਕ ਕਰਕੇ, ਦਸਤਾਵੇਜਾਂ ਦੇ ਆਧਾਰ ਤੇ ਯਕੀਨੀ ਬਣਾਇਆ ਜਾਵੇ ਕਿ ਰੈਂਟ ਡੀਡ/ ਲੀਜ਼ ਡੀਡ ਦੀ, ਸਿਖਿਆਰਥੀਆਂ ਦੀ ਟ੍ਰੇਨਿੰਗ ਮੁਕੰਮਲ ਹੋਣ ਤੱਕ ਮਿਆਦ ਬਕਾਇਆ ਰਹਿੰਦੀ ਹੋਵੇ ਤਾਂ ਜੋ ਕਿਸੇ ਸਿਖਿਆਰਥੀ ਦੀ ਟ੍ਰੇਨਿੰਗ ਦਾ ਨੁਕਸਾਨ ਨਾ ਹੋਵੇ। |
| 43. | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ ਸੀਟ ਅਲਾਟਮੈਂਟ ਦੇ ਰਿਜਲਟ ਅਨੁਸਾਰ, ਰਿਪੋਰਟਿੰਗ ਸ਼ਡਿਊਲ ਅਨੁਸਾਰ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਵਲੋਂ ਦਾਖਲਾ ਫੀਸ ਆਨ ਲਾਈਨ ਰਾਂਹੀਂ ਜਮਾਂ ਕਰਵਾਈ ਜਾਵੇਗੀ। Admission Slip ਦਾ ਪ੍ਰਿੰਟ ਆਊਟ ਲਾਜ਼ਮੀ ਲਿਆ ਜਾਵੇ ਅਤੇ Transaction Id ਨੂੰ ਸਬੰਧਤ ਸਿਖਿਆਰਥੀ ਦੇ ਵੇਰਵੇ ਨਾਲ ਦਰਜ ਕੀਤਾ ਜਾਵੇ । Admission Slip ਦੇ ਪ੍ਰਿੰਟ ਲੈ ਲਏ ਜਾਣ ਤੇ ਹੀ ਉਮੀਦਵਾਰ ਦਾ ਦਾਖਲਾ ਪੋਰਟਲ ਉਪਰ ਐਂਟਰ ਹੁੰਦਾ ਹੈ। |

| | |
|---|---|
| | ਪ੍ਰਾਇਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਨੂੰ ਸੀਟ ਅਲਾਟਮੈਂਟ ਦੇ ਰਿਜਲਟ ਅਨੁਸਾਰ, ਰਿਪੋਰਟਿੰਗ ਸ਼ਡਿਊਲ ਅਨੁਸਾਰ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਵਲੋਂ ਦਾਖਲਾ ਫੀਸ ਆਨਲਾਈਨ/ ਆਫਲਾਈਨ (HYBRID MODE) ਰਾਂਹੀ ਜਮਾਂ ਕਰਵਾਈ ਜਾਵੇਗੀ। ਆਨਲਾਈਨ ਜਮਾਂ ਕਰਵਾਈ ਗਈ ਫੀਸ ਦਾ Transaction Id ਦਾ ਸਬੂਤ ਸਬੰਧਤ ਸਿਖਿਆਰਥੀ ਦੇ ਦਸਤਾਵੇਜ਼ਾਂ ਨਾਲ ਨੱਥੀ ਕਰਕੇ ਰੱਖਿਆ ਜਾਵੇ। |
| 44. | ਉਮੀਦਵਾਰਾਂ ਦੀ ਜਾਣਕਾਰੀ ਲਈ ਹਰ ਕੌਂਸਲਿੰਗ ਉਪਰੰਤ, ਆਪਣੀ ਸੰਸਥਾ ਦੀਆਂ ਟਰੇਡਾਂ ਵਿਚ ਖਾਲੀ ਰਹਿ ਗਈਆਂ ਸੀਟਾਂ ਬਾਰੇ, ਮੋਟੇ ਅੱਖਰਾਂ ਵਿਚ ਕੈਟਾਗਰੀ ਵਾਇਜ਼ ਸੂਚੀ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਈ ਜਾਵੇ ਤਾਂ ਜੋ ਦਾਖਲਾ ਲੈਣ ਦੇ ਇੱਛੁਕ ਉਮੀਦਵਾਰਾਂ ਨੂੰ ਆਪਣੀ ਚੁਆਇਸ ਫਿਲਿੰਗ ਲਈ ਮਦਦ/ ਜਾਣਕਾਰੀ ਮਿਲ ਸਕੇ। ਇਸੇ ਤਰਾਂ ਸਿਖਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਦਾ ਵੇਰਵਾ ਵੀ ਨੋਟਿਸ ਬੋਰਡ ਤੇ ਲਗਾਇਆ ਜਾਵੇ। |
| 45. | ਸੰਸਥਾਵਾ ਵਿਚ ਰੈਗਿੰਗ ਨੂੰ ਰੋਕਣ ਲਈ ਐਂਟੀ ਰੈਗਿੰਗ ਕਮੇਟੀਆਂ (ਮੋਨੀਟਰਿੰਗ ਸੈਲ ਆਫ ਰੈਗਿੰਗ) ਦਾ ਗਠਨ ਕੀਤਾ ਜਾਵੇ ਤਾਂ ਜੋ ਰੈਗਿੰਗ ਤੋਂ ਪੀੜਤ ਸਿਖਿਆਰਥੀ ਆਪਣੀ ਸ਼ਿਕਾਇਤ/ ਰਿਪੋਰਟ ਦਰਜ ਕਰਵਾ ਸਕਣ। ਸੰਸਥਾਵਾਂ ਵਿਚ ਰੈਗਿੰਗ ਰੋਕਣ ਲਈ ਖਾਸ ਮੁਹਿੰਮ ਚਲਾਈ ਜਾਵੇ। ਸੰਸਥਾਵਾਂ ਵਿਚ ਰੈਗਿੰਗ ਰੋਕਣ ਲਈ ਸੰਸਥਾ ਵਿਚ ਨੋਟਿਸ ਬੋਰਡ/ ਬੈਨਰ ਆਦਿ ਲਗਾਏ ਜਾਣ, ਜਿੰਨ੍ਹਾਂ ਰਾਂਹੀਂ ਸੰਸਥਾ ਦੇ ਸਿਖਿਆਰਥੀਆਂ ਨੂੰ ਰੈਗਿੰਗ ਨਾ ਕਰਨ ਸਬੰਧੀ ਜਾਗਰੂਕ ਕੀਤਾ ਜਾ ਸਕੇ। ਰੈਗਿੰਗ ਨਾ ਕਰਨ ਸਬੰਧੀ ਸਿਖਿਆਰਥੀਆਂ ਪਾਸੋਂ ਦਾਖਲੇ ਸਮੇਂ ਇਕ ਸਵੈ-ਘੋਸ਼ਨਾ ਪੱਤਰ ਲਿਆ ਜਾਵੇ ਕਿ ਉਹ ਕਿਸੇ ਵੀ ਸਿਖਿਆਰਥੀ/ ਸਿਖਿਆਰਥਣ ਨਾਲ ਰੈਗਿੰਗ ਨਹੀਂ ਕਰੇਗਾ/ਕਰੇਗੀ। ਰੈਗਿੰਗ ਕਰਨ ਵਾਲੇ ਸਿਖਿਆਰਥੀ/ ਸਿਖਿਆਰਥਣ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਰੈਗਿੰਗ ਇਕ ਕਾਨੂੰਨੀ ਅਪਰਾਧ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। |
| 46. | ਆਪਣੀ ਸੰਸਥਾ ਵਿਖੇ ਅਨੁਸੂਚਿਤ ਜਾਤੀ ਨਾਲ ਸਬੰਧ ਰਖਦੇ ਉਮੀਦਵਾਰਾਂ/ ਸਿਖਿਆਰਥੀਆਂ ਨੂੰ ਰਿਜਰਵੇਸ਼ਨ ਦੇ ਆਧਾਰ ਤੇ ਹੱਕਾਂ ਲਈ ਐਸ.ਸੀ. ਸੈਲ ਦਾ ਗਠਨ ਕੀਤਾ ਜਾਵੇ ਤਾਂ ਜੋ ਪੀੜਤ ਉਮੀਦਵਾਰ/ ਸਿਖਿਆਰਥੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ। |
| 47. | ਸੀਟ ਅਲਾਟਮੈਂਟ ਤੋਂ ਬਾਦ ਰਿਪੋਰਟਿੰਗ ਸਮੇਂ ਤੇ ਜਾਂ ਦਾਖਲੇ ਤੋਂ ਬਾਦ ਵੀ ਜੇਕਰ ਕਿਸੇ ਉਮੀਦਵਾਰ ਵਲੋਂ, ਦਾਖਲੇ ਲਈ ਸਬਮਿਟ ਕੀਤੇ ਦਸਤਾਵੇਜਾਂ ਵਿਚੋਂ, ਕੋਈ ਦਸਤਾਵੇਜ ਝੂਠਾ ਜਾਂ ਗਲਤ ਪਾਇਆ ਜਾਂਦਾ ਹੈ ਤਾਂ ਪੀ.ਆਈ. ਸੰਸਥਾ ਦੇ ਮੁੱਖੀ ਨੂੰ ਇਸ ਕੇਸ ਸਬੰਧੀ ਕੀਤੀ ਗਈ ਕਾਰਵਾਈ ਦੀ ਮੁਕੰਮਲ ਜਾਣਕਾਰੀ ਵਿਭਾਗ / ਪੰਜਾਬ ਰਾਜ ਬੋਰਡ ਆਫ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਦੇ ਧਿਆਨ ਵਿਚ ਲਿਆਉਂਦੇ ਹੋਏ ਉਸ ਉਮੀਦਵਾਰ ਦੀ ਸੀਟ ਕੈਂਸਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਉਮੀਦਵਾਰ ਵਲੋਂ ਜਮਾਂ ਕਰਵਾਈ ਫੀਸ ਜਬਤ ਹੋ ਜਾਵੇਗੀ। ਇਸ ਤਰਾਂ ਉਮੀਦਵਾਰ ਅਲਾਟਿਡ ਸੀਟ ਅਤੇ ਜਮਾਂ ਕਰਵਾਈ ਫੀਸ ਦਾ ਲੀਗਲੀ ਹੱਕਦਾਰ ਨਹੀਂ ਹੋਵੇਗਾ। |
| 48. | ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੇ S.I.D.H Portal ਤੇ ਦਾਖਲ ਸਿਖਿਆਰਥੀਆਂ ਦੀ ਸੂਚੀ, ਪ੍ਰੋਫਾਈਲ ਆਦਿ ਨੂੰ ਸੰਸਥਾ ਵਿਖੇ ਦਾਖਲ ਸਿਖਿਆਰਥੀਆਂ ਨੂੰ ਲਿਖਤੀ ਤੌਰ ਤੇ ਨੋਟ ਕਰਵਾਇਆ ਜਾਵੇ। ਦਾਖਲਾ ਮੁਕੰਮਲ ਹੋਣ ਉਪਰੰਤ, ਦਾਖਲਾ ਡਾਟੇ ਵਿਚ ਨਾਮ ਅਤੇ ਫੋਟੋ ਆਦਿ ਦੀ ਕੋਈ ਸੋਧ ਸੰਭਵ ਨਹੀਂ ਹੋਵੇਗੀ। |
| 49. | ਹਰੇਕ ਜ਼ਿਲ੍ਹੇ ਪੱਧਰ ਤੇ, ਆਪਣੇ ਜਿਲੇ ਅੰਦਰ ਚੱਲ ਰਹੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਸਥਾਨਕ ਮੀਡੀਆ, ਪ੍ਰਮੁੱਖ ਸਥਾਨਾਂ ਤੇ ਬੈਨਰ ਅਤੇ ਸੈਕੰਡਰੀ ਸਕੂਲਾਂ ਸਾਹਮਣੇ ਪੋਸਟਰ ਆਦਿ ਲਗਾ ਕੇ ਇਸ਼ਤਹਾਰ ਦਿੱਤੇ ਜਾਣ। ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਅਤੇ ਅੱਠਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਨੂੰ ਆਈ.ਟੀ.ਆਈਜ਼ ਵਿੱਚ ਦਾਖਲਾ ਲੈਣ ਲਈ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾਵੇ। ਆਈ.ਟੀ.ਆਈਜ਼ ਵਿਚ ਸਿਖਲਾਈ ਬਾਰੇ |

| | |
|---|---|
| | ਕੈਰੀਅਰ ਦੀਆਂ ਸੰਭਾਵਨਾਵਾਂ ਬਾਰੇ, ਡਰਾਪ ਆਊਟ ਅਤੇ ਸੰਭਾਵੀ ਸਿਖਿਆਰਥੀਆਂ ਨੂੰ ਉਚਿਤ ਸਲਾਹ ਅਤੇ ਮਾਰਗਦਰਸ਼ਨ ਕੀਤਾ ਜਾਵੇ। ਦਾਖਲੇ ਲਈ ਲਾਮਬੰਦੀ ਮੁਹਿੰਮ ਚਲਾਉਣ ਲਈ ਗ੍ਰਾਮ ਪੰਚਾਇਤਾਂ ਅਤੇ ਸਥਾਨਕ ਸੰਸਥਾਵਾਂ ਨਾਲ ਤਾਲਮੇਲ ਕੀਤਾ ਜਾਵੇ। ਸਥਾਨਕ ਚੈਨਲਾਂ, ਰੇਡੀਓ, ਪ੍ਰਿੰਟ ਮੀਡੀਆ ਅਤੇ ਬਰੋਸ਼ਰਾਂ ਰਾਹੀਂ ਪ੍ਰਚਾਰ ਕੀਤਾ ਜਾਵੇ। (ਜਿਸ ਦਾ ਰਾਜ ਸਰਕਾਰ ਤੇ ਕੋਈ ਵਿੱਤੀ ਬੋਝ ਨਾ ਪਵੇ)। ਜਿਲ੍ਹਾ ਸਕਿੱਲਿੰਗ ਕਮੇਟੀਆਂ ਨੂੰ ਵੀ ਆਪਣੇ ਜ਼ਿਲ੍ਹਿਆਂ ਵਿੱਚ ਆਈ.ਟੀ.ਆਈਆਂ ਦੇ ਦਾਖਲੇ ਦੀ ਸੰਭਾਵਨਾ ਨੂੰ ਵਧਾਉਣ ਲਈ ਸ਼ਾਮਲ ਕੀਤਾ ਜਾਵੇ। |
| 50. | ਦਾਖਲਾ ਸ਼ਡਿਊਲ ਮੁਕੰਮਲ ਹੋਣ ਉਪਰੰਤ, ਹਰ ਸੰਸਥਾ ਵਲੋਂ ਆਪਣੇ ਆਨ ਲਾਈਨ ਪੋਰਟਲ ਤੋਂ ਫਾਈਨਲ ਦਾਖਲ ਸਿਖਿਆਰਥੀਆਂ ਦੀ ਲਿਸ਼ਟਾਂ ਡਾਊਨਲੋਡ ਕੀਤੀਆਂ ਜਾਣ। ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਕੇਵਲ ਇਸ ਫਾਈਨਲ ਲਿਸ਼ਟ ਅਨੁਸਾਰ ਹੀ, ਦਾਖਲ ਸਿਖਿਆਰਥੀ ਸੰਸਥਾ ਵਿਖੇ ਟ੍ਰੇਨਿੰਗ ਲੈਣ। |
| 51. | N.C.V.T./ S.C.V.T. ਤਹਿਤ ਜਿੰਨ੍ਹਾਂ ਟਰੇਡਾਂ ਦਾ ਦਾਖਲਾ ਕਰਵਾਇਆ ਜਾਂਦਾ ਹੈ, ਉਨ੍ਹਾਂ ਬਾਰੇ ਮੌਜੂਦਾ ਸਟੇਟਸ ਈ-ਗਵਰਨੈਸ ਪੋਰਟਲ ਤੇ ਡਿਸਪਲੇ ਕਰਾਉਣਾ ਯਕੀਨੀ ਬਣਾਇਆ ਜਾਵੇ ਅਤੇ ਨਾਲ ਹੀ ਦਾਖਲ ਸਿਖਿਆਰਥੀਆਂ ਦਾ ਆਨ ਰੋਲ ਸਟੇਟਸ ਵੀ ਸੰਸਥਾ ਵਿਖੇ ਅਪਡੇਟ ਰੱਖਿਆ ਜਾਵੇ। |
| 52. | ਦਾਖਲੇ ਅਤੇ ਡਾਟਾ ਅਪਲੋਡਿੰਗ ਦੇ ਮੰਤਵ ਹਿਤ ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੇ ਪੋਰਟਲ ਦੇ ਕਰੀਏਟਰ ਐਕਾਉਂਟ ਅਤੇ ਅਪਰੂਵਰ ਐਕਾਉਂਟ ਆਦਿ ਐਕਟਿਵ ਮੋਡ ਵਿਚ ਰੱਖੇ ਜਾਣ। |
| 53. | ਦਾਖਲੇ ਦੀ ਸੁਵਿਧਾ ਲਈ ਵਿਸਥਾਰ ਪੂਰਵਕ ਹਦਾਇਤਾਂ ਜੇਕਰ ਜਰੂਰਤ ਹੋਵੇ ਤਾਂ ਵਿਭਾਗ ਦੀ ਹੈਲਪਲਾਈਨ ਮੋਬਾਈਲ ਨੰ: 7347343239 / 7347341914 ਅਤੇ ਈਮੇਲ punjabitiadmission@gmail.com ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। |

ਸਹਾਇਕ ਡਾਇਰੈਕਟਰ (ਟ੍ਰੇਨਿੰਗ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ: 2895 ਮਿਤੀ 09-07-2026

ਉਪਰੋਕਤ ਦਾ ਉਤਾਰਾ ਰਾਜ ਅਧੀਨ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਨੂੰ ਇੰਨ-ਬਿੰਨ ਪਾਲਣਾ ਹਿਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਟ੍ਰੇਨਿੰਗ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।